| Surname | | Other Names | |
|---|---|---|---|
| Centre Number | | Candidate Number | |
| Candidate Signature | | | |

| For Examiner's Use |
|---|
| |

General Certificate of Secondary Education
June 2007

**PANJABI**
**Reading Test**
**Higher Tier**

**3681/RH**

# H

Tuesday 12 June 2007 9.00 am to 9.50 am

**You will need no other materials.**

Time allowed: 50 minutes

**Instructions**
- Use blue or black ink or ball-point pen.
- Fill in the boxes at the top of this page.
- Write your answers in this combined question paper/answer book.
- Answer **all** questions.
- In **Section A** answer the questions in **Panjabi**.
- In **Section B** answer the questions in **English**.
- Write neatly and put down **all** the information you are asked to give.

**Information**
- The maximum mark for this paper is 45.
- The marks for questions are shown in brackets.
- You must **not** use a dictionary at any time during this test.

| For Examiner's Use | | | |
|---|---|---|---|
| Page | Mark | Page | Mark |
| 2/3 | | 10/11 | |
| 4/5 | | | |
| 6/7 | | | |
| 8/9 | | | |
| Total (Column 1) → | | | |
| Total (Column 2) → | | | |
| TOTAL | | | |
| Examiner's Initials | | | |

LEAVE MARGIN BLANK

## ਸੈਕਸ਼ਨ ਏ

ਪ੍ਰਸ਼ਨ ਅਤੇ ਉੱਤਰ ਪੰਜਾਬੀ ਵਿੱਚ

**1** ਤੁਸੀਂ ਵਿਸਾਖੀ ਦੇ ਪ੍ਰੋਗਰਾਮ ਬਾਰੇ ਇਹ ਇਸ਼ਤਿਹਾਰ ਦੇਖਦੇ ਹੋ।

### ਮਨਮੋਹਣ ਵਾਰਿਸ ਤੇ ਕਮਲ ਹੀਰ ਦਾ ਪ੍ਰੋਗਰਾਮ

ਵਿਸਾਖੀ ਦਾ ਪ੍ਰੋਗਰਾਮ ਪੰਦਰਾਂ ਅਪ੍ਰੈਲ ਨੂੰ ਹੈ। ਇਸ ਮੌਕੇ ਤੇ ਮਨਮੋਹਣ ਵਾਰਿਸ ਅਤੇ ਕਮਲ ਹੀਰ ਦਾ ਗੀਤ ਸੰਗੀਤ ਦਾ ਪ੍ਰੋਗਰਾਮ ਹੋ ਰਿਹਾ ਹੈ। ਇਹ ਪ੍ਰੋਗਰਾਮ ਵੁਲਵਰਹੈਂਪਟਨ ਦੇ 'ਸਿਵਿਕ ਹਾਲ' ਵਿੱਚ ਹੋਵੇਗਾ। ਸਮਾਂ ਸੱਤ ਤੋਂ ਗਿਆਰਾਂ ਵਜੇ ਤੱਕ ਹੈ। ਟਿਕਟ ਪੰਦਰਾਂ ਪੌਂਡ ਤੋਂ ਲੈ ਕੇ ਪੰਜਾਹ ਪੌਂਡ ਤੱਕ ਹੈ।

(ੳ) ਵਿਸਾਖੀ ਦਾ ਪ੍ਰੋਗਰਾਮ ਕੌਣ ਕਰ ਰਿਹਾ ਹੈ ?

..........................................................................................................................

*(1 mark)*

(ਅ) ਇਹ ਪ੍ਰੋਗਰਾਮ ਕਦੋਂ ਹੋਵੇਗਾ ?

..........................................................................................................................

*(1 mark)*

(ੲ) ਇਹ ਪ੍ਰੋਗਰਾਮ ਕਿੱਥੇ ਹੋਵੇਗਾ ?

..........................................................................................................................

*(1 mark)*

(ਸ) ਇਹ ਪ੍ਰੋਗਰਾਮ ਕਿੰਨੇ ਘੰਟੇ ਦਾ ਹੋਵੇਗਾ ?

..........................................................................................................................

*(1 mark)*

(ਹ) ਟਿਕਟ ਦੀ ਘੱਟ ਤੋਂ ਘੱਟ ਕੀ ਕੀਮਤ ਹੈ ?

..........................................................................................................................

*(1 mark)*

LEAVE MARGIN BLANK

**2** ਤੁਸੀਂ ਜਗਦੀਪ ਦੇ ਲੇਖ ਦਾ ਇੱਕ ਹਿੱਸਾ ਪੜ੍ਹਦੇ ਹੋ।

> ਮੇਰਾ ਸਕੂਲ ਕੁੜੀਆਂ ਤੇ ਮੁੰਡਿਆਂ ਦਾ ਸਾਂਝਾ ਸਕੂਲ ਹੈ। ਇਸ ਸਕੂਲ ਵਿੱਚ ਕੋਈ ਵਰਦੀ ਨਹੀਂ ਹੈ। ਬੱਚੇ ਆਪਣੀ ਮਰਜ਼ੀ ਦੇ ਕੱਪੜੇ ਪਾ ਕੇ ਸਕੂਲ ਜਾਂਦੇ ਹਨ। ਇਸ ਸਕੂਲ ਵਿੱਚ ਪੜ੍ਹਾਈ ਬਹੁਤ ਚੰਗੀ ਹੈ। ਅਧਿਆਪਕ ਬੱਚਿਆਂ ਦੀ ਪੜ੍ਹਾਈ ਵਿੱਚ ਬਹੁਤ ਮਦਦ ਕਰਦੇ ਹਨ। ਰਿਜ਼ਲਟ ਵੀ ਬਹੁਤ ਚੰਗੇ ਆਉਂਦੇ ਹਨ। ਸਕੂਲ ਦੀ ਲਾਇਬ੍ਰੇਰੀ ਕਾਫੀ ਵੱਡੀ ਹੈ ਅਤੇ ਇਸ ਵਿੱਚ ਹਰ ਵਿਸ਼ੇ ਦੀਆਂ ਕਿਤਾਬਾਂ ਰੱਖੀਆਂ ਹਨ। ਸਕੂਲ ਦੀ ਬਿਲਡਿੰਗ ਨਵੀਂ ਹੈ, ਪਰ ਬੱਚਿਆਂ ਦੇ ਖੇਡਣ ਲਈ ਥਾਂ ਘੱਟ ਹੈ।

ਵਾਕਾਂ ਨੂੰ ਪੜ੍ਹੋ।
ਲਿਖੋ :
ਠੀਕ ਠ
ਗਲਤ ਗ
ਪਤਾ ਨਹੀਂ ?

| | | |
|---|---|---|
| **ਉਦਾਹਰਣ** | ਜਗਦੀਪ ਦੇ ਸਕੂਲ ਵਿੱਚ ਮੁੰਡੇ ਤੇ ਕੁੜੀਆਂ ਇਕੱਠੇ ਪੜ੍ਹਦੇ ਹਨ। | ਠ |
| | ਜਗਦੀਪ ਦੇ ਸਕੂਲ ਵਿੱਚ ਵਰਦੀ ਪਾਉਣੀ ਪੈਂਦੀ ਹੈ। | |
| | ਜਗਦੀਪ ਦੇ ਸਕੂਲ ਵਿੱਚ ਹਜ਼ਾਰ ਵਿਦਿਆਰਥੀ ਹਨ। | |
| | ਜਗਦੀਪ ਦੇ ਸਕੂਲ ਵਿੱਚ ਵਧੀਆ ਪੜ੍ਹਾਈ ਹੁੰਦੀ ਹੈ। | |
| | ਜਗਦੀਪ ਦੇ ਸਕੂਲ ਦੀ ਬਿਲਡਿੰਗ ਪੁਰਾਣੀ ਹੈ। | |
| | ਜਗਦੀਪ ਦੇ ਸਕੂਲ ਵਿੱਚ ਬੱਚਿਆਂ ਦੇ ਖੇਡਣ ਲਈ ਥਾਂ ਘੱਟ ਹੈ। | |

*(5 marks)*

10

**Turn over ▸**

**3** ਤੁਸੀਂ ਸਰਬਜੀਤ ਦੀ ਲਿਖੀ ਹੋਈ ਇਹ ਈ-ਮੇਲ ਦੇਖਦੇ ਹੋ।

> **ਪਿਆਰੇ ਮਾਮਾ ਜੀ,**
> **ਤੁਹਾਨੂੰ ਇਹ ਜਾਣ ਕੇ ਬਹੁਤ ਖ਼ੁਸ਼ੀ ਹੋਵੇਗੀ ਕਿ ਅਪ੍ਰੈਲ ਵਿੱਚ ਮੈਂ, ਭਾਜੀ ਤੇ ਮੰਮੀ ਇੰਡੀਆ ਆ ਰਹੇ ਹਾਂ। ਅਸੀਂ ਤਿੰਨ ਹਫਤੇ ਠਹਿਰਾਂਗੇ। ਅਸੀਂ ਭਾਜੀ ਦੇ ਵਿਆਹ ਲਈ ਕੱਪੜੇ ਖਰੀਦਣੇ ਹਨ ਅਤੇ ਗੁਰਦੁਆਰਿਆਂ ਦੀ ਯਾਤਰਾ ਤੇ ਵੀ ਜਾਵਾਂਗੇ।**
>
> **ਸਰਬਜੀਤ**

(ੳ) ਸਰਬਜੀਤ ਇੰਡੀਆ ਕਦੋਂ ਜਾਵੇਗੀ?

..........................................................................................................................

*(1 mark)*

(ਅ) ਸਰਬਜੀਤ ਦੇ ਨਾਲ ਹੋਰ ਕੌਣ ਕੌਣ ਇੰਡੀਆ ਜਾ ਰਿਹਾ ਹੈ?

..........................................................................................................................

*(1 mark)*

(ੲ) ਸਰਬਜੀਤ ਇੰਡੀਆ ਜਾ ਕੇ ਕੀ ਕਰੇਗੀ? ਦੋ ਗੱਲਾਂ ਦੱਸੋ।

1 ......................................................................................................................

2 ......................................................................................................................

*(2 marks)*

LEAVE MARGIN BLANK

**4** ਤੁਸੀਂ ਅਖਬਾਰ ਵਿੱਚ ਇਹ ਲੇਖ ਪੜ੍ਹਦੇ ਹੋ।
ਹੇਠ ਦਿੱਤੇ ਖਾਨਿਆਂ ਵਿੱਚ ਠੀਕ ਸ਼ਬਦਾਂ ਦੇ ਨੰਬਰ ਭਰੋ ।

## ਭੂਰੀ ਚਾਕਲੇਟ ਨਾਲ ਦਿਲ ਦੇ ਰੋਗਾਂ ਤੋਂ ਬਚਾਅ

**ਉਦਾਹਰਣ**

ਲੰਡਨ ਵਿੱਚ [ 6 ] ਨੇ ਕਿਹਾ ਹੈ ਕਿ ਜੇਕਰ ਅਸੀਂ ਗੂੜ੍ਹੀ ਭੂਰੀ ਚਾਕਲੇਟ ਕੁੱਝ ਮਾਤਰਾ ਵਿੱਚ ਆਪਣੀ [ ] ਦਾ ਹਿੱਸਾ ਬਣਾ ਲਈਏ ਤਾਂ ਇਸ ਨਾਲ [ ] ਦੇ ਰੋਗਾਂ ਦਾ ਖਤਰਾ ਬਹੁਤ ਹੱਦ ਤੱਕ ਘੱਟ ਹੋ ਸਕਦਾ ਹੈ। ਇਸਦਾ [ ] ਇਹ ਹੈ ਕਿ ਇਸ ਚਾਕਲੇਟ ਵਿੱਚ ਅਜਿਹੇ ਤੱਤ ਹੁੰਦੇ ਹਨ, ਜਿਹੜੇ [ ] ਦੀਆਂ ਨਾੜੀਆਂ ਨੂੰ ਸਖਤ ਹੋਣ ਤੋਂ ਬਚਾਉਂਦੇ ਹਨ।

ਜ਼ਿਊਰਿਕ ਯੂਨੀਵਰਸਟੀ ਹਸਪਤਾਲ ਦੇ ਖੋਜੀਆਂ ਨੇ 20 [ ] ਤੇ ਤਜਰਬਾ ਕੀਤਾ ਹੈ ਜੋ ਦਿਲ ਦੇ ਮਰੀਜ਼ ਸਨ। ਇਨ੍ਹਾਂ ਮਰੀਜ਼ਾਂ ਨੂੰ 40 ਗ੍ਰਾਮ ਭੂਰੀ [ ] ਖਾਣ ਲਈ ਦਿੱਤੀ ਗਈ। ਸਿਰਫ ਦੋ ਘੰਟਿਆਂ ਬਾਅਦ ਇਨ੍ਹਾਂ ਮਰੀਜ਼ਾਂ ਦਾ [ ] ਘਟ ਗਿਆ। ਇਸ ਤੋਂ ਇਲਾਵਾ [ ] ਚਾਕਲੇਟ ਵੀ ਇਨ੍ਹਾਂ ਮਰੀਜ਼ਾਂ ਨੂੰ ਦਿੱਤੀ ਗਈ ਪਰ ਇਸ ਨਾਲ ਬਲੱਡ ਪ੍ਰੈਸ਼ਰ ਨੂੰ ਕੋਈ [ ] ਨਹੀਂ ਪਿਆ।

Source: *Des Pardes Weekly* (Adapted), 6 January 2006

1. ਦੁੱਧ
2. ਦਿਲ
3. ਬਲੱਡ ਪ੍ਰੈਸ਼ਰ
4. ਚਿੱਟੀ
5. ਬਿਮਾਰ
6. ਮਾਹਿਰਾਂ
7. ਖੂਨ
8. ਫਰਕ
9. ਚਾਕਲੇਟ
10. ਮਰੀਜ਼ਾਂ
11. ਖੁਰਾਕ
12. ਕਾਰਨ

*(9 marks)*

13

**Turn over ▶**

LEAVE MARGIN BLANK

**5** ਤੁਸੀਂ ਸਕੂਲ ਦੇ ਪੰਜਾਬੀ ਮੈਗਜ਼ੀਨ ਵਿੱਚ ਵਿਦਿਆਰਥੀਆਂ ਦੇ ਘਰਾਂ ਬਾਰੇ ਵਿਚਾਰ ਪੜ੍ਹਦੇ ਹੋ।

> ਮੈਂ ਵੱਡੇ ਘਰ ਪਸੰਦ ਕਰਦੀ ਹਾਂ। ਮੇਰੇ ਖਿਆਲ ਅਨੁਸਾਰ ਸੌਣ ਵਾਲੇ ਸਾਰੇ ਕਮਰਿਆਂ ਵਿੱਚ ਗੁਸਲਖਾਨੇ ਹੋਣੇ ਚਾਹੀਦੇ ਹਨ ਤਾਂ ਕਿ ਸਵੇਰ ਨੂੰ ਟੌਇਲਟ ਅਤੇ ਸ਼ਾਵਰ ਵਾਸਤੇ ਕਤਾਰ ਵਿੱਚ ਨਾ ਲੱਗਣਾ ਪਵੇ। ਸੌਣ ਵਾਲੇ ਕਮਰੇ ਖੁਲ੍ਹੇ ਹੋਣੇ ਚਾਹੀਦੇ ਹਨ ਤਾਂ ਕਿ ਤੁਸੀਂ ਆਪਣਾ ਸਾਰਾ ਸਮਾਨ ਰੱਖ ਸਕੋ। ਬਹੁਤਾ ਵੱਡਾ ਬਗੀਚਾ ਮੈਂ ਪਸੰਦ ਨਹੀਂ ਕਰਦੀ ਕਿਉਂਕਿ ਇਸ ਨੂੰ ਸਾਫ ਤੇ ਸੁੰਦਰ ਰੱਖਣ ਲਈ ਬਹੁਤ ਮਿਹਨਤ ਕਰਨੀ ਪੈਂਦੀ ਹੈ।
>
> ਪਿੰਕੀ

> ਵੱਡਾ ਘਰ ਤਾਂ ਹਰ ਕੋਈ ਪਸੰਦ ਕਰਦਾ ਹੈ ਪਰ ਖਰੀਦਣਾ ਬਹੁਤ ਮੁਸ਼ਕਲ ਹੈ। ਵੱਡੇ ਘਰ ਬਹੁਤ ਮਹਿੰਗੇ ਹਨ ਅਤੇ ਮੈਨੂੰ ਨਹੀਂ ਲਗਦਾ ਮੇਰੇ ਕੋਲ ਇੰਨੇ ਪੈਸੇ ਹੋਣਗੇ। ਮੇਰੇ ਖਿਆਲ ਵਿੱਚ ਰਸੋਈ ਤੇ ਗੁਸਲਖਾਨਾ ਜ਼ਰੂਰ ਵੱਡੇ ਹੋਣੇ ਚਾਹੀਦੇ ਹਨ। ਇਹ ਦੋ ਕਮਰੇ ਘਰ ਵਿੱਚ ਸਭ ਤੋਂ ਜ਼ਿਆਦਾ ਵਰਤੇ ਜਾਂਦੇ ਹਨ। ਮੈਂ ਵੱਡਾ ਬਗੀਚਾ ਜ਼ਰੂਰ ਚਾਹਾਂਗਾ ਕਿਉਂਕਿ ਫੁੱਲ ਬੂਟਿਆਂ ਦੀ ਦੇਖ ਭਾਲ ਕਰਨਾ ਅਤੇ ਤਾਜ਼ੀਆਂ ਸਬਜ਼ੀਆਂ ਉਗਾਉਣ ਦਾ ਮੈਨੂੰ ਬਹੁਤ ਸ਼ੌਕ ਹੈ।
>
> ਰਿੱਕੀ

> ਮੇਰੇ ਖਿਆਲ ਵਿੱਚ ਘਰ ਦਾ ਵੱਡਾ ਜਾਂ ਛੋਟਾ ਹੋਣਾ ਕੋਈ ਖਾਸ ਗੱਲ ਨਹੀਂ, ਬੱਸ ਗੁਜ਼ਾਰਾ ਹੋਈ ਜਾਵੇ। ਪਰਿਵਾਰ ਦੀ ਖੁਸ਼ੀ ਲਈ ਵੱਡੇ ਘਰ ਨਾਲੋਂ ਆਪਸੀ ਪਿਆਰ ਤੇ ਮਨ ਦੀ ਤਸੱਲੀ ਦਾ ਹੋਣਾ ਜ਼ਿਆਦਾ ਜ਼ਰੂਰੀ ਹੈ। ਉਸ ਤਰ੍ਹਾਂ ਵੀ ਵੱਡੇ ਘਰ ਦੀ ਅੱਜ ਕਲ ਘੱਟ ਹੀ ਲੋੜ ਪੈਂਦੀ ਹੈ ਕਿਉਂਕਿ ਪ੍ਰਾਹੁਣੇ ਘੱਟ ਹੀ ਰਾਤ ਰਹਿੰਦੇ ਹਨ ਅਤੇ ਪਰਿਵਾਰ ਦੇ ਸਾਰੇ ਮੈਂਬਰ ਵੀ ਇਕੱਠੇ ਨਹੀਂ ਰਹਿੰਦੇ।
>
> ਸਿਮਰਨ

LEAVE MARGIN BLANK

(ੳ) (i) ਪਿੰਕੀ ਦੇ ਖਿਆਲਾਂ ਅਨੁਸਾਰ ਘਰ ਵਿੱਚ ਕਿਹੜੀਆਂ ਕਿਹੜੀਆਂ ਚੀਜ਼ਾਂ ਦਾ ਹੋਣਾ ਜ਼ਰੂਰੀ ਹੈ?

.......................................................................................................................

*(1 mark)*

(ii) ਕਿਉਂ?

.......................................................................................................................

*(1 mark)*

(ਅ) ਰਿੱਕੀ ਦੇ ਵਿਚਾਰ ਪਿੰਕੀ ਨਾਲ ਕਿਵੇਂ ਮਿਲਦੇ ਹਨ ਅਤੇ ਕਿਵੇਂ ਵੱਖਰੇ ਹਨ?
ਇੱਕ ਮਿਲਦੇ - ਜੁਲਦੇ ਅਤੇ ਇੱਕ ਵੱਖਰੇ ਵਿਚਾਰ ਬਾਰੇ ਲਿਖੋ।

.......................................................................................................................

.......................................................................................................................

*(2 marks)*

(ੲ) ਰਿੱਕੀ ਆਪਣੇ ਬਗੀਚੇ ਵਿੱਚ ਕੀ ਕੀ ਕਰਨਾ ਪਸੰਦ ਕਰਦਾ ਹੈ? ਦੋ ਗੱਲਾਂ ਦੱਸੋ।

.......................................................................................................................

.......................................................................................................................

*(2 marks)*

(ਸ) ਸਿਮਰਨ ਦੇ ਘਰਾਂ ਬਾਰੇ ਵਿਚਾਰ ਪਿੰਕੀ ਤੇ ਰਿੱਕੀ ਤੋਂ ਕਿਵੇਂ ਵੱਖਰੇ ਹਨ?

.......................................................................................................................

*(1 mark)*

(ਹ) ਸਿਮਰਨ ਦੇ ਵਿਚਾਰਾਂ ਅਨੁਸਾਰ ਵੱਡੇ ਘਰ ਅੱਜ ਕਲ ਦੀ ਜ਼ਿੰਦਗੀ ਵਿੱਚ ਕਿਉਂ ਜ਼ਰੂਰੀ ਨਹੀਂ ਹਨ?
ਦੋ ਗੱਲਾਂ ਲਿਖੋ।

.......................................................................................................................

.......................................................................................................................

*(2 marks)*

**Turn over for the next question**

| |
|---|
| |
| **9** |

**Turn over ▶**

LEAVE MARGIN BLANK

**6** ਤੁਸੀਂ ਮਨਜੀਤ ਦੇ ਲੇਖ ਦਾ ਇੱਕ ਹਿੱਸਾ ਦੇਖਦੇ ਹੋ।

> ਮੈਂ ਆਪਣੇ ਵਿਹਲੇ ਸਮੇਂ ਵਿੱਚ ਭੰਗੜੇ ਦੇ ਗਾਣੇ ਉੱਚੀ ਅਵਾਜ਼ ਵਿੱਚ ਸੁਣਨਾ ਪਸੰਦ ਕਰਦੀ ਹਾਂ। ਇਸ ਨਾਲ ਮੇਰੇ ਦਿਨ ਦੇ ਸਾਰੇ ਫਿਕਰ ਦੂਰ ਹੋ ਜਾਂਦੇ ਹਨ। ਮੇਰਾ ਦਿਮਾਗ ਇੱਕ ਦਮ ਤਾਜ਼ਾ ਹੋ ਜਾਂਦਾ ਹੇ। ਪਰ ਮੇਰੇ ਮਾਤਾ ਜੀ ਮੈਨੂੰ ਬਹੁਤ ਗੁੱਸੇ ਹੁੰਦੇ ਹਨ ਕਿਉਂਕਿ ਰੌਲੇ ਦੇ ਮਾਹੌਲ ਵਿੱਚ ਉਹਨਾਂ ਦਾ ਸਿਰ ਦੁਖਣ ਲੱਗ ਪੈਂਦਾ ਹੈ।
>
> ਮਨਜੀਤ

(ੳ) ਮਨਜੀਤ ਆਪਣੇ ਵਿਹਲੇ ਸਮੇਂ ਵਿੱਚ ਕੀ ਕਰਨਾ ਪਸੰਦ ਕਰਦੀ ਹੈ?

..................................................................................................................................

*(1 mark)*

(ਅ) ਮਨਜੀਤ ਨੂੰ ਅਜਿਹਾ ਕਰਨ ਨਾਲ ਕੀ ਫਾਇਦਾ ਹੁੰਦਾ ਹੈ?

..................................................................................................................................

*(1 mark)*

(ੲ) (i) ਮਨਜੀਤ ਦੇ ਮਾਤਾ ਜੀ ਇਸ ਬਾਰੇ ਕੀ ਮਹਿਸੂਸ ਕਰਦੇ ਹਨ?

..................................................................................................................................

*(1 mark)*

(ii) ਕਿਉਂ ?

..................................................................................................................................

*(1 mark)*

**Turn over for Section B**

4

Turn over ▶

LEAVE
MARGIN
BLANK

## SECTION B

Questions and answers in **English**.

**7** You read this article in a newspaper.



## ਪੰਜਾਬੀ ਸਿਨਮੇ ਦੀ ਰਾਜਕੁਮਾਰੀ - 'ਕਿੱਮੀ ਵਰਮਾ'

'ਜੀ ਆਇਆਂ ਨੂੰ' ਫਿਲਮ ਦੀ 'ਜੱਸੀ' ਤੇ 'ਅਸਾਂ ਨੂੰ ਮਾਣ ਵਤਨਾਂ ਦਾ' ਫਿਲਮ ਦੀ ਚੁਲਬੁਲੇ ਸੁਭਾਅ ਵਾਲੀ 'ਪਾਲੀ' ਪੰਜਾਬੀ ਫਿਲਮ ਦਰਸ਼ਕਾਂ ਨੂੰ ਕਿਵੇਂ ਭੁੱਲ ਸਕਦੀ ਹੈ ? ਇਹਨਾਂ ਫਿਲਮਾਂ ਦੀ ਸਫਲਤਾ ਨੇ ਕਿੱਮੀ (ਕਿਰਨਦੀਪ ਵਰਮਾ) ਨੂੰ ਪੰਜਾਬੀ ਸਿਨਮੇ ਦੀ ਟੀਸੀ ਤੇ ਪਹੁੰਚਾ ਦਿੱਤਾ।

ਕਿੱਮੀ ਇੱਕ ਵਧੀਆ ਐਕਟ੍ਰੈਸ ਤਾਂ ਹੈ ਹੀ, ਪਰ ਜ਼ਿੰਦਗੀ ਦੇ ਦੂਸਰੇ ਪੱਖਾਂ ਵਿੱਚ ਵੀ ਪਿੱਛੇ ਨਹੀਂ। ਉਸਨੇ ਮੁਬੰਈ ਤੇ ਬੌਸਟਨ ਦੀਆਂ ਯੂਨੀਵਰਸਟੀਆਂ ਤੋਂ ਡਿਗਰੀਆਂ ਹਾਸਲ ਕੀਤੀਆਂ ਹਨ। ਕਿੱਮੀ ਸ਼ਹਿਰ ਜਗਰਾਉਂ, ਜ਼ਿਲ੍ਹਾ ਲੁਧਿਆਣਾ, ਪੰਜਾਬ ਦੀ ਜੰਮਪਲ ਹੈ। ਬਾਅਦ ਵਿੱਚ ਕਿੱਮੀ ਦਾ ਪਰਿਵਾਰ ਮੁੰਬਈ ਵਿੱਚ ਆ ਕੇ ਰਹਿਣ ਲੱਗਾ। ਕਿੱਮੀ ਆਪਣੇ ਜ਼ਿਲ੍ਹੇ ਦੀ ਟੀਮ ਲਈ ਬਾਸਕਟ- ਬਾਲ ਦੀ ਖਿਡਾਰੀ ਵੀ ਰਹੀ ਹੈ।

ਅਲਫਾ ਟੀ ਵੀ ਤੇ ਕਿੱਮੀ ਨੇ ਇੱਕ ਲੜੀਵਾਰ ਪ੍ਰੋਗਰਾਮ 'ਫਰੰਟੀਅਰ ਮੇਲ' ਪੇਸ਼ ਕੀਤਾ। ਇਸ ਪ੍ਰੋਗਰਾਮ ਵਿੱਚ ਧਰਮਿੰਦਰ, ਦੇਵ ਅਨੰਦ ਅਤੇ ਦਾਰਾ ਸਿੰਘ ਵਰਗੇ ਮਸ਼ਹੂਰ ਪੰਜਾਬੀ ਅਦਾਕਾਰਾਂ ਦੇ ਫਿਲਮੀ ਕੈਰੀਅਰ ਤੇ ਚਾਨਣਾ ਪਾਇਆ।

ਕਿੱਮੀ ਵਰਮਾ ਇੱਕ ਉਸ ਦੌਰ ਦੀ ਐਕਟ੍ਰੈਸ ਹੈ ਜਦੋਂ ਪੰਜਾਬੀ ਸਿਨਮੇ ਵਿੱਚ ਗੰਭੀਰ ਤਬਦੀਲੀ ਆਈ। ਪੰਜਾਬੀ ਫਿਲਮ ਦਰਸ਼ਕ ਪ੍ਰੀਤੀ ਸਪਰੂ ਵਰਗੀਆਂ ਪੁਰਾਣੀਆਂ ਹੀਰੋਇਨਾਂ ਅਤੇ ਬਦਲੇ ਦੀਆਂ ਭਾਵਨਾਵਾਂ ਦੇ ਵਿਸ਼ੇ ਤੇ ਬਣੀਆਂ ਫਿਲਮਾਂ ਜਿਵੇਂ ਕਿ 'ਬਦਲਾ ਜੱਟ ਦਾ' ਦੇਖ ਦੇਖ ਕੇ ਬੋਰ ਹੋ ਰਹੇ ਸਨ। ਕਿੱਮੀ ਵਰਮਾ ਦੀਆਂ ਫਿਲਮਾਂ ਪਰਿਵਾਰਕ, ਮਨੋਰੰਜਕ ਤੇ ਨਵੇਂ ਵਿਸ਼ਿਆਂ ਨੂੰ ਮੁੱਖ ਰੱਖ ਕੇ ਬਣਾਈਆਂ ਗਈਆਂ ਹਨ।

Source: *The Sikh Times* (Adapted), 3 – 10 March 2005

LEAVE MARGIN BLANK

(a) Name the **two** recent Panjabi films in which Kimmy Verma took the star role and became famous.

1 ..........................................................................................................................

2 ..........................................................................................................................

*(1 mark)*

(b) What evidence is there in the article to support the fact that Kimmy Verma is an all-round personality? Give **two** details.

1 ..........................................................................................................................

2 ..........................................................................................................................

*(2 marks)*

(c) Where was Kimmy Verma born and brought up?
Give **two** details.

1 ..........................................................................................................................

2 ..........................................................................................................................

*(1 mark)*

(d) What could you learn from a programme called '*Frontier Mail*' that Kimmy Verma presented on Alpha T.V.?

..........................................................................................................................

*(1 mark)*

(e) Why was the Panjabi film audience getting bored just before Kimmy Verma's films?
Give **two** reasons.

1 ..........................................................................................................................

2 ..........................................................................................................................

*(2 marks)*

(f) According to the article, how are Kimmy Verma's films different? Give **two** details.

1 ..........................................................................................................................

2 ..........................................................................................................................

*(2 marks)*

**END OF QUESTIONS**

| |
|---|
| 9 |

**There are no questions printed on this page**

Copyright © 2007 AQA and its licensors.  All rights reserved.